PRESTO

## PRESTO ਦੀ ਵਰਤੋਂ ਕਿਵੇਂ ਕਰਨੀ ਹੈ

PRESTO ਇੱਕ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਹੈ, ਜੋ ਗ੍ਰੇਟਰ ਟੋਰੋਂਟੋ ਐਂਡ ਹੈਮਿਲਟਨ ਏਰੀਆ (GTHA) (ਜੀ.ਟੀ.ਐਚ.ਏ.) (GTHA), ਅਤੇ ਓਟਾਵਾ ਵਿੱਚ ਟ੍ਰਾਂਜ਼ਿਟ ਏਜੰਸੀਆਂ 'ਤੇ ਵਰਤੀ ਜਾਂਦੀ ਹੈ। PRESTO ਸਵਾਰੀਆਂ ਨੂੰ ਕਿਰਾਇਆ ਭੁਗਤਾਨ ਦੀ ਸਭ ਤੋਂ ਵੱਧ ਸੰਭਵ ਸੁਵਿਧਾਜਨਕ ਵਿਧੀ ਦੇਣ ਲਈ ਸਮਾਰਟਕਾਰਡ ਟੈਕਲੋਨੇਜੀ ਵਰਤਦੀ ਹੈ।

### 1. ਕਾਰਡ ਖ਼ਰੀਦੋ

PRESTO ਕਾਰਡ ਔਨਲਾਈਨ **PRESTOcard.ca** 'ਤੋਂ ਅਤੇ ਇਹਨਾਂ ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲ ਜਾਂ ਫੈਸਿਲਿਟੀਜ ਵਿੱਚੋਂ ਇੱਕ ਤੋਂ ਖ਼ਰੀਦੋ:

- ਬ੍ਰੈਂਪਟਨ ਗੇਟਵੇ ਟਰਮੀਨਲ **(Brampton Gateway)** 501 ਮੇਨ ਸਟ੍ਰੀਟ ਸਾਊਥ (501 Main Street South)
- ਡਾਊਨਟਾਊਨ ਟਰਮੀਨਲ **(Downtown Terminal)** 8 ਨੈਲਸਨ ਸਟ੍ਰੀਟ ਵੈਸਟ (8 Nelson Street West)
- ਬ੍ਰੈਮਲੀ ਟਰਮੀਨਲ **(Bramalea Terminal)** 160 ਸੈਂਟਰਲ ਪਾਰਕ ਡ੍ਰਾਈਵ (160 Central Park Drive)
- ਸੈਂਡਲਵੁਡ ਫੈਸਿਲਿਟੀ **(Sandalwood Facility)** 130 ਸੈਂਡਲਵੁਡ ਪਾਰਕਵੇ ਵੈਸਟ (130 Sandalwood Parkway West)
- ਕਲਾਰਕ ਫੈਸਿਲਿਟੀ **(Clark Facility)** 185 ਕਲਾਰਕ ਬੁਲੇਵਾਰਡ (185 Clark Boulevard)
- ਟ੍ਰਿਨਿਟੀ ਕੌਮਨ ਟਰਮੀਨਲ **(Trinity Common Terminal)** 164 ਗ੍ਰੇਟ ਲੇਕਸ ਬੁਲੇਵਾਰਡ (164 Great Lakes Boulevard)

PRESTO ਕਾਰਡ ਚੋਣਵੇਂ ਸ਼ੌਪਰਸ ਡ੍ਰਗ ਮਾਰਟ (Shoppers Drug Mart) ਸਟੋਰਾਂ ਵਿਖੇ ਵੀ ਉਪਲਬਧ ਹਨ; ਤੁਸੀਂ ਇੱਕ ਕਾਰਡ ਖ਼ਰੀਦ ਸਕਦੇ ਹੋ, ਫੰਡ ਜਾਂ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਮਾਸਿਕ ਜਾਂ ਹਫ਼ਤਾਵਾਰੀ ਪਾਸ ਲੋਡ ਕਰ ਸਕਦੇ ਹੋ ਅਤੇ ਕਿਰਾਇਆ ਪ੍ਰਕਾਰ ਸੈੱਟ ਕਰ ਸਕਦੇ ਹੋ। ਸਥਾਨਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **prestocard.ca/shoppersdrugmart** 'ਤੇ ਜਾਓ।

ਖ਼ਰੀਦ 'ਤੇ $6 ਦੀ ਗ਼ੈਰ-ਰਿਫੰਡ ਯੋਗ ਜਾਰੀ ਕਰਨ ਦੀ ਫੀਸ ਹੈ।

### 2. ਆਪਣਾ ਕਾਰਡ ਲੋਡ ਕਰੋ -

PRESTO ਦੇ ਨਾਲ, ਤੁਹਾਡੇ ਕੋਲ ਆਪਣੇ ਕਾਰਡ ਲਈ ਵੱਖ-ਵੱਖ ਉਤਪਾਦਾਂ ਨੂੰ ਲੋਡ ਕਰਨ ਦੀ ਲਚਕਤਾ ਹੈ। ਦੋ ਪ੍ਰਕਾਰ ਦੇ PRESTO ਲੋਡਸ ਹਨ:

- **ਪੈਸਾ ਪਾਓ (ਕਾਰਡ ਬੈਲੈਂਸ):** ਆਪਣੇ PRESTO ਕਾਰਡ ਵਿੱਚ ਘੱਟੋ-ਘੱਟ $10 ਦੀ ਰਕਮ ਪਾਓ। ਤੁਸੀਂ ਵੱਧ ਤੋਂ ਵੱਧ $1,000 ਬੈਲੈਂਸ ਰੱਖ ਸਕਦੇ ਹੋ। ਜਦੋਂ ਤੁਸੀਂ ਯਾਤਰਾ ਕਰਦੇ ਹੋ, ਤਾਂ ਤੁਹਾਡੀ ਯਾਤਰਾ ਦਾ ਕਿਰਾਇਆ ਤੁਹਾਡੇ ਕਾਰਡ ਵਿੱਚ ਸਟੋਰ ਕੀਤੇ ਬੈਲੈਂਸ ਵਿੱਚੋਂ ਕੱਟ ਲਿਆ ਜਾਂਦਾ ਹੈ।
- **ਮਾਸਿਕ/ਹਫ਼ਤਾਵਾਰੀ ਪਾਸ ਸ਼ਾਮਲ ਕਰੋ:** ਮਾਸਿਕ ਜਾਂ ਹਫ਼ਤਾਵਾਰੀ ਪਾਸ ਦੇ ਨਾਲ, ਤੁਸੀਂ ਪਾਸ ਸਕਿਰਿਆ ਹੋਣ 'ਤੇ ਅਸੀਮਿਤ ਸੰਖਿਆ ਵਿੱਚ ਯਾਤਰਾ ਕਰ ਸਕਦੇ ਹੋ।

### 3. ਇੱਕ My PRESTO ਖਾਤਾ ਬਣਾਓ

ਜੇਕਰ ਤੁਸੀਂ ਮੇਰਾ PRESTO ਖਾਤਾ (My PRESTO Account) ਬਣਾਉਣਾ ਚਾਹੁੰਦੇ ਹੋ, ਤਾਂ ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲ ਜਾਂ ਫੈਸਿਲਿਟੀ ਤੋਂ ਆਪਣਾ ਕਾਰਡ ਖ਼ਰੀਦਣ ਤੋਂ ਬਾਅਦ 24 ਘੰਟਿਆਂ ਤੱਕ ਉਡੀਕ ਕਰੋ।

- ਆਪਣਾ My PRESTO ਖਾਤਾ ਔਨਲਾਈਨ **PRESTOcard.ca** 'ਤੇ ਬਣਾਓ।
- ਆਪਣਾ ਮੇਰਾ PRESTO ਖਾਤਾ ਬਣਾਉਣ ਦੇ 24 ਘੰਟੇ ਬਾਅਦ, ਤੁਹਾਡੇ ਲਈ ਮੇਰਾ PRESTO ਖਾਤਾ ਪ੍ਰਕਿਰਿਆ ਪੂਰੀ ਕਰਨ ਲਈ 30 ਦਿਨਾਂ ਦੀ ਮਿਆਦ ਦੇ ਅੰਦਰ **ਕਿਸੇ ਵੀ** PRESTO-ਸਮਰਥਿਤ ਡਿਵਾਈਸ* 'ਤੇ ਥਪਥਪਾਉਣਾ (ਟੈਪ ਕਰਨਾ) ਲਾਜ਼ਮੀ ਹੈ। 30 ਦਿਨਾਂ ਬਾਅਦ, ਤੁਹਾਡੇ ਮੇਰਾ PRESTO ਖਾਤਾ ਦੀ ਮਿਆਦ ਪੁੱਗ ਜਾਏਗੀ। ਜੇਕਰ ਤੁਹਾਡੇ ਮੇਰਾ PRESTO ਖਾਤਾ ਦੀ ਮਿਆਦ ਪੁੱਗ ਜਾਂਦੀ ਹੈ, ਤਾਂ ਇਸਨੂੰ ਮੁੜ ਸਕਿਰਿਆ ਕਰਨ ਲਈ 1-8-PRESTO-123 (1-877-378-6123) 'ਤੇ ਫੋਨ ਕਰੋ।

* PRESTO- ਸਮਰਥਿਤ ਡਿਵਾਈਸਾਂ ਵਿੱਚ ਸ਼ਾਮਲ ਹਨ:

- ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲਾਂ ਅਤੇ ਫੈਸਿਲਿਟੀਜ ਵਿਖੇ ਬੈਲੈਂਸ ਚੈੱਕਰਸ (Balance Checkers)
- ਬ੍ਰੈਂਪਟਨ ਟ੍ਰਾਂਜ਼ਿਟ ਬੱਸਾਂ 'ਤੇ ਕਿਰਾਇਆ ਭੁਗਤਾਨ ਡਿਵਾਈਸਾਂ ਆਪਣੇ ਮੇਰਾ PRESTO ਖਾਤਾ ਨੂੰ ਸਕਿਰਿਆ ਕਰਨ ਲਈ ਸਿਰਫ਼ ਤਦ ਹੀ ਕਿਰਾਇਆ ਭੁਗਤਾਨ ਡਿਵਾਈਸ ਵਰਤੋ, ਜੇਕਰ ਇਹ ਤੁਹਾਡੀ ਯਾਤਰਾ ਦਾ ਹਿੱਸਾ ਹੈ, ਕਿਉਂਕਿ ਇਹ ਤੁਹਾਡੇ ਕਾਰਡ ਨੂੰ ਥਪਥਪਾਉਣ 'ਤੇ ਕਿਰਾਇਆ ਕੱਟ ਲਵੇਗੀ। ਵਿਕਲਪਿਕ ਤੌਰ 'ਤੇ, ਤੁਸੀਂ ਮੇਰਾ PRESTO ਖਾਤਾ ਸਕਿਰਿਆ ਕਰਨ ਲਈ ਬੈਲੈਂਸ ਚੈੱਕਰ ਵਰਤ ਸਕਦੇ ਹੋ, ਜੇਕਰ ਤੁਸੀਂ ਉਸ ਵੇਲੇ ਯਾਤਰਾ ਨਹੀਂ ਕਰ ਰਹੇ ਹੋ।

**ਨੋਟ:** ਜੇਕਰ ਤੁਸੀਂ ਬਾਲਗ ਹੋ ਅਤੇ ਮੇਰਾ PRESTO ਖਾਤਾ ਨਹੀਂ ਬਣਾਉਣਾ ਚਾਹੁੰਦੇ, ਤਾਂ ਤੁਹਾਡਾ ਕਾਰਡ ਬਿਨਾਂ ਖਾਤੇ ਦੇ ਇੱਕ ਡਿਫੌਲਟ ਬਾਲਗ ਕਾਰਡ ਰਹੇਗਾ (ਮੇਰਾ PRESTO ਖਾਤਾ ਬਣਾਉਣ ਦੇ ਫ਼ਾਇਦੇ ਦੇਖੋ)।

### 4. ਛੋਟ ਵਾਲੇ ਕਿਰਾਏ ਸੈੱਟ ਕਰਨਾ

**ਬਾਲ*, ਨੌਜਵਾਨ ਅਤੇ ਬਜ਼ੁਰਗ** – ਹਾਲਾਂਕਿ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਮੇਰਾ PRESTO ਖਾਤਾ ਬਣਾਓ, ਬਿਨਾਂ ਖਾਤੇ ਦੇ ਕਾਰਡ ਬਾਲ, ਨੌਜਵਾਨ ਜਾਂ ਬਜ਼ੁਰਗ ਸਬੰਧੀ ਛੋਟ ਵਾਲੇ ਕਿਰਾਇਆਂ ਦੇ ਨਾਲ ਸੈੱਟ ਕੀਤੇ ਜਾ ਸਕਦੇ ਹਨ। ਛੋਟ ਵਾਲੇ ਕਿਰਾਏ ਖ਼ਰੀਦ ਦੇ ਸਮੇਂ ਕਿਸੇ ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲ ਜਾਂ ਫੈਸਿਲਿਟੀ ਵਿਖੇ ਆ ਕੇ ਸੈੱਟ ਕੀਤੇ ਜਾ ਸਕਦੇ ਹਨ।

*ਜੇਕਰ ਕੋਈ ਬੱਚਾ PRESTO ਕਾਰਡ ਵਰਤਦਾ ਹੈ, ਤਾਂ ਬੱਚੇ ਦੇ 13ਵੇਂ ਜਨਮਦਿਨ 'ਤੇ, ਕਾਰਡ 'ਤੇ ਦਿੱਤੀ ਕਿਰਾਇਆ ਸ਼੍ਰੇਣੀ ਆਪਣੇ ਆਪ ਹੀ ਬਾਲ ਤੋਂ ਬਾਲਗ ਵਿੱਚ ਬਦਲ ਜਾਏਗੀ। 13-19 ਸਾਲ ਦੇ ਵਿਚਕਾਰ ਉਮਰ ਵਾਲੇ ਗਾਹਕ ਨੌਜਵਾਨ ਕਿਰਾਇਆ ਸ਼੍ਰੇਣੀ ਲਈ ਯੋਗ ਹਨ; ਇਸਨੂੰ ਨੌਜਵਾਨ ਵਿੱਚ ਸੈੱਟ ਕਰਨ ਲਈ ਕਿਸੇ ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲ ਜਾਂ ਫੈਸਿਲਿਟੀ ਵਿਖੇ ਜਾਓ।

# PRESTO

**ਵਾਧੂ ਯਾਤਰੀਆਂ ਲਈ ਭੁਗਤਾਨ ਕਰਨ ਵਾਸਤੇ ਆਪਣਾ PRESTO ਕਾਰਡ ਵਰਤੋ** – ਕਿਸੇ ਕਿਰਾਇਆ ਭੁਗਤਾਨ ਡਿਵਾਈਸ 'ਤੇ ਤੁਹਾਡੇ PRESTO ਕਾਰਡ ਨੂੰ ਥਪਥਪਾਉਣ ਤੋਂ ਬਾਅਦ, ਓਪਰੇਟਰ ਨੂੰ ਸੂਚਿਤ ਕਰੋ ਕਿ ਤੁਸੀਂ ਵਾਧੂ ਯਾਤਰੀਆਂ ਲਈ ਭੁਗਤਾਨ ਕਰਨਾ ਚਾਹੁੰਦੇ ਹੋ। ਓਪਰੇਟਰ ਵਾਧੂ ਯਾਤਰੀਆਂ ਨੂੰ ਦਰਜ ਕਰੇਗਾ ਅਤੇ ਕਿਰਾਏ ਕੱਟਣ ਲਈ ਤੁਹਾਨੂੰ ਓਪਰੇਟਰ ਦੀ PRESTO ਡਿਵਾਈਸ 'ਤੇ ਤੁਹਾਡਾ ਕਾਰਡ ਥਪਥਪਾਉਣ ਦੀ ਬੇਨਤੀ ਕਰੇਗਾ।

**ਨੋਟ:** ਵਾਧੂ ਯਾਤਰੀਆਂ ਦਾ ਕਿਰਾਇਆ ਇੱਕ ਬਾਲਗ ਸਵਾਰੀ ਦੇ ਕਿਰਾਏ ਦੇ ਬਰਾਬਰ ਲਿਆ ਜਾਏਗਾ।

## ਮੇਰਾ PRESTO ਖਾਤਾ ਬਣਾਉਣ ਦੇ ਫ਼ਾਇਦੇ

**ਮੇਰਾ PRESTO ਖਾਤਾ ਬਣਾ ਕੇ** ਤੁਸੀਂ ਇਹ ਕਰ ਸਕਦੇ ਹੋ:

- **ਆਪਣਾ ਬੈਲੈਂਸ ਸੁਰੱਖਿਅਤ ਰੱਖੋ** ਜੇਕਰ ਤੁਹਾਡਾ ਕਾਰਡ ਗੁਆਚ ਜਾਂ ਚੋਰੀ ਹੋ ਜਾਂਦਾ ਹੈ, ਤਾਂ ਤੁਸੀਂ ਆਪਣਾ ਕਾਰਡ ਰੱਦ ਕਰਾ ਕੇ ਇੱਕ ਬਦਲੀ (ਰੀਪਲੇਸਮੈਂਟ) ਕਾਰਡ ਵਿੱਚ ਬੈਲੈਂਸ ਟ੍ਰਾਂਸਫਰ ਕਰ ਸਕਦੇ ਹੋ।
  - PRESTO ਨੂੰ ਗੁਆਚੇ ਕਾਰਡ ਦੀ ਰਿਪੋਰਟ ਕਰਾ ਕੇ ਇਸਨੂੰ ਰੱਦ ਕਰਾ ਸਕਦੇ ਹੋ। ਤੁਸੀਂ ਹਾਨੀ ਦੀ ਰਿਪੋਰਟ ਕਰਨ ਦੇ 24 ਘੰਟਿਆਂ ਦੇ ਅੰਦਰ ਖ਼ਰਚ ਕੀਤੇ ਫੰਡਾਂ ਲਈ ਜ਼ਿੰਮੇਵਾਰ ਹੋਵੋਗੇ। ਤੁਹਾਡੇ ਲਈ ਇੱਕ ਬਦਲੀ ਕਾਰਡ ਖ਼ਰੀਦਣਾ ਅਤੇ ਕਾਰਡ ਵਿੱਚ ਘੱਟੋ-ਘੱਟ $10 ਲੋਡ ਕਰਨਾ ਲਾਜ਼ਮੀ ਹੈ। ਆਪਣੇ ਨਵੇਂ ਕਾਰਡ ਲਈ ਮੇਰਾ PRESTO ਖਾਤਾ ਨਾ ਬਣਾਓ। ਕਾਰਡ ਨੂੰ ਰੱਦ ਕਰਨ ਅਤੇ ਆਪਣਾ ਨਵਾਂ ਕਾਰਡ ਪ੍ਰਾਪਤ ਕਰਨ ਦੇ ਚੌਵੀ ਘੰਟੇ ਬਾਅਦ, ਆਪਣੇ ਪੁਰਾਣੇ ਕਾਰਡ ਵਿੱਚੋਂ ਟ੍ਰਾਂਸਫਰ ਕੀਤੇ ਫੰਡ ਪ੍ਰਾਪਤ ਕਰਨ ਲਈ ਔਨਲਾਈਨ ਜਾਓ ਜਾਂ PRESTO ਕਾਲ ਸੈਂਟਰ (PRESTO Call Centre) ਨੂੰ 1-8-PRESTO-123 (1-877-378-6123) 'ਤੇ ਫੋਨ ਕਰੋ।
- ਆਪਣਾ ਕਾਰਡ ਸਵੈਚਲਿਤ ਢੰਗ ਨਾਲ ਰੀਲੋਡ ਕਰਨ ਲਈ **ਆਟੋਲੋਡ (Autoload) ਜਾਂ ਆਟੋਰਿਨਿਊ (Autoload) ਸੈੱਟ ਅਪ ਕਰੋ।**
  - ਆਟੋਲੋਡ ਤੁਹਾਡੇ PRESTO ਕਾਰਡ ਨੂੰ ਤੁਹਾਡੇ ਬੈਂਕ ਖਾਤੇ ਜਾਂ ਕ੍ਰੈਡਿਟ ਕਾਰਡ ਦੁਆਰਾ ਸਵੈਚਲਿਤ ਢੰਗ ਨਾਲ ਰੀਲੋਡ ਕਰ ਦੇਵੇਗਾ, ਜਦੋਂ ਤੁਹਾਡਾ ਬੈਲੈਂਸ ਤੁਹਾਡੇ ਵੱਲੋਂ ਚੁਣੀ ਗਈ ਡਾਲਰ ਰਕਮ ਤੋਂ ਘੱਟ ਹੋ ਜਾਏਗਾ।
  - ਇਹ ਡਾਲਰ ਰਕਮ $5 ਅਤੇ $60 ਦੇ ਵਿਚਕਾਰ ਹੋਣੀ ਚਾਹੀਦੀ ਹੈ। ਨਿਊਨਤਮ ਰਕਮ, ਜੋ ਤੁਸੀਂ ਆਟੋਲੋਡ ਕਰ ਸਕਦੇ ਹੋ, $20 ਹੈ ਅਤੇ ਅਧਿਕਤਮ ਰਕਮ $980 ਹੈ।

**ਨੋਟ:** ਨਿਊਨਤਮ ਅਤੇ ਅਧਿਕਤਮ ਰਕਮਾਂ PRESTO ਵੱਲੋਂ ਬਿਨਾਂ ਨੋਟਿਸ ਦੇ ਬਦਲੀਆਂ ਜਾ ਸਕਦੀਆਂ ਹਨ। ਤੁਹਾਡਾ ਨਵਾਂ ਬੈਲੈਂਸ ਤੁਹਾਡੇ ਕਾਰਡ 'ਤੇ ਤੁਰੰਤ ਦਿਖਾਈ ਦੇਵੇਗਾ।

- **ਆਪਣੇ ਟ੍ਰਾਂਜੈਕਸ਼ਨ ਇਤਿਹਾਸ ਦੀ ਸਮੀਖਿਆ ਕਰੋ।**
  - ਆਪਣਾ ਬੈਲੈਂਸ ਦੇਖੋ ਅਤੇ ਆਪਣੇ ਵਰਤੋਂ ਇਤਿਹਾਸ ਤੱਕ ਪਹੁੰਚ ਪ੍ਰਾਪਤ ਕਰੋ।
- **ਐਮਰਜੈਂਸੀ ਯਾਤਰਾ**
  - ਬਿਨਾਂ ਕਾਫ਼ੀ ਫੰਡਾਂ ਵਾਲਾ ਕੋਈ ਗਾਹਕ ਜਾਰੀ ਕਰਨ ਦੇ ਸਮੇਂ ਤੋਂ ਦੋ-ਘੰਟੇ ਟ੍ਰਾਂਸਫਰ ਦੇ ਨਾਲ ਇੱਕੋ ਟੈਪ ਦਾ ਹੱਕਦਾਰ ਹੈ।

ਕਾਰਡ ਨੈਗੇਟਿਵ ਬੈਲੈਂਸ ਵਿੱਚ ਪਾ ਦਿੱਤਾ ਜਾਏਗਾ ਅਤੇ ਸਵੈਚਲਿਤ ਰੂਪ ਨਾਲ ਹਟਾ ਦਿੱਤਾ ਜਾਏਗਾ, ਜਦੋਂ ਅਗਲੀ ਵਾਰ ਤੁਸੀਂ ਆਪਣਾ ਕਾਰਡ ਲੋਡ ਕਰੋਗੇ। ਨੈਗੇਟਿਵ ਬੈਲੈਂਸ ਭੁਗਤਾਨ ਰੀਲੋਡ ਵੇਲੇ $0.25 ਹੈ।

**ਮਹੱਤਵਪੂਰਨ ਨੋਟ:** ਜਦੋਂ ਤੁਸੀਂ ਕਾਰਡ ਰੱਦ ਕਰ ਦੇਵੋ, ਤਾਂ ਤੁਸੀਂ ਔਨਲਾਈਨ ਇੱਕ ਬਦਲੀ PRESTO ਕਾਰਡ ਆਰਡਰ ਕਰ ਸਕਦੇ ਹੋ, ਜਾਂ ਖੁਦ ਜਾ ਕੇ $6 (ਕਾਰਡ ਬੈਲੈਂਸ ਪਾਉਣ ਲਈ ਨਿਊਨਤਮ $10 ਦੀ ਲੋੜ ਹੁੰਦੀ ਹੈ) ਦਾ ਨਵਾਂ ਕਾਰਡ ਖਰੀਦ ਸਕਦੇ ਹੋ, ਅਤੇ ਨਵੇਂ ਕਾਰਡ ਵਿੱਚ ਆਪਣਾ ਮੌਜੂਦਾ ਕਾਰਡ ਬੈਲੈਂਸ ਟ੍ਰਾਂਸਫਰ ਕਰ ਸਕਦੇ ਹੋ।

**ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਨਵੇਂ PRESTO ਕਾਰਡ ਲਈ ਮੇਰਾ PRESTO ਖਾਤਾ ਨਾ ਬਣਾਓ; ਇਹ ਬਦਲੀ ਪ੍ਰਕਿਰਿਆ ਰਾਹੀਂ ਸਵੈਚਲਿਤ ਢੰਗ ਨਾਲ ਕੀਤਾ ਜਾਏਗਾ।**

## PRESTO ਨੂੰ ਸੰਪਰਕ ਕਰੋ

**ਫੋਨ:** 1-8-PRESTO-123 (1-877-378-6123)

**ਔਨਲਾਈਨ:** prestocard.ca

